# ਤੁਹਾਡੇ ਅਧਿਕਾਰਾਂ ਦੀ ਵਿਆਖਿਆ



## ਇੰਟਰਵਿਊ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਕਿਹੜੇ ਹੱਕਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ?

### 1. ਇੰਟਰਵਿਊ ਦੌਰਾਨ ਕਨੂੰਨੀ ਸਹਾਇਤਾ ਅਤੇ ਵਕੀਲ ਨਾਲ ਗੁਪਤ ਸਲਾਹ ਦਾ ਹੱਕ

A. ਵਕੀਲ

— ਤੁਸੀਂ ਆਪਣੀ ਮਰਜ਼ੀ ਦੇ ਵਕੀਲ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ।
— ਜੇਕਰ ਤੁਹਾਡਾ ਕੋਈ ਆਪਣਾ ਵਕੀਲ ਨਹੀਂ ਹੈ ਜਾਂ ਇਹ ਵਕੀਲ ਸੇਵਾ ਦੇਣ ਵਿੱਚ ਅਸਮਰੱਥ ਹੈ, ਤਾਂ ਤੁਸੀਂ ਬਾਰ ਸੰਗਠਨ ਦੇ ਡਿਊਟੀ ਵਕੀਲ ਤੋਂ ਇੱਕ ਵਕੀਲ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ।
— ਜੇਕਰ ਤੁਸੀਂ ਕੁੱਝ ਕਾਨੂੰਨੀ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਇਹ ਕਾਨੂੰਨੀ ਸਹਾਇਤਾ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿੱਚ ਮੁਫਤ ਹੁੰਦੀ ਹੈ।ਤੁਸੀਂ ਉਸ ਫਾਰਮ ਦੀ ਮੰਗ ਕਰ ਸਕਦੇ ਹੋ ਜੋ ਕਾਨੂੰਨੀ ਸਹਾਇਤਾ ਲਈ ਸ਼ਰਤਾਂ ਨਿਰਧਾਰਤ ਕਰਦਾ ਹੈ।

B. ਪੂਰਵ ਗੁਪਤ ਸਲਾਹ

— ਅਗਲੀ ਇੰਟਰਵਿਊ ਤੋਂ ਪਹਿਲਾਂ - ਅਤੇ ਬਾਰ ਸੰਗਠਨ ਪੂਲ ਦੇ ਡਿਊਟੀ ਵਕੀਲ ਨਾਲ ਗੱਲ ਕਰਨ ਤੋਂ ਬਾਅਦ 2 ਘੰਟਿਆਂ ਦੇ ਅੰਦਰ ਅੰਦਰ - ਤੁਸੀਂ ਆਪਣੇ ਵਕੀਲ ਨਾਲ 30 ਮਿੰਟਾਂ ਤੱਕ ਗੁਪਤ ਸਲਾਹ ਕਰਨ ਲਈ ਹੱਕਦਾਰ ਹੋ, ਇਹ ਸਮਾਂ ਇੰਟਰਵਿਊ ਲੈਣ ਵਾਲੇ ਦੇ ਫੈਸਲੇ ਤੇ ਅਸਾਧਾਰਨ ਅਧਾਰ ‘ਤੇ ਵਧਾਇਆ ਜਾ ਸਕਦਾ ਹੈ।
— ਇਹ ਸਲਾਹ ਟੈਲੀਫੋਨ ਅਤੇ ਇੰਟਰਵਿਊ ਸਥਾਨ ਵਿਖੇ ਕੀਤੀ ਜਾ ਸਕਦੀ ਹੈ।
— ਜੇਕਰ 2 ਘੰਟਿਆਂ ਦੇ ਅੰਦਰ ਅੰਦਰ ਯੋਜਨਾ ਮੁਤਾਬਕ ਵਕੀਲ ਨਾਲ ਸਲਾਹ ਨਹੀਂ ਹੁੰਦੀ, ਤਾਂ ਹਾਲੇ ਵੀ ਬਾਰ ਸੰਗਠਨ ਦੇ ਪੂਲ ਡਿਊਟੀ ਵਕੀਲ ਨਾਲ ਟੈਲੀਫੋਨ ‘ਤੇ ਗੁਪਤ ਸਲਾਹ ਹੋਵੇਗੀ। ਇਸ ਤੋਂ ਬਾਅਦ, ਇੰਟਰਵਿਊ ਸ਼ੁਰੂ ਹੋ ਸਕਦੀ ਹੈ।
— ਜੇਕਰ ਇੰਟਰਵਿਊ ਦੌਰਾਨ ਤੁਹਾਡਾ ਵਕੀਲ ਪਹੁੰਚ ਜਾਂਦਾ ਹੈ, ਤਾਂ ਉਹ ਬਾਕੀ ਦੇ ਇੰਟਰਵਿਊ ਵਿੱਚ ਸ਼ਾਮਲ ਹੋ ਸਕਦਾ ਹੈ।

C. ਇੰਟਰਵਿਊ ਦੌਰਾਨ ਕਨੂੰਨੀ ਸਹਾਇਤਾ

— ਤੁਸੀਂ ਇੰਟਰਵਿਊ ਵਿਖੇ ਆਪਣੇ ਵਕੀਲ ਤੋਂ ਸਹਾਇਤਾ ਪ੍ਰਾਪਤ ਕਰਨ ਦੇ ਹੱਕਦਾਰ ਹੋ।
— ਤੁਹਾਡਾ ਵਕੀਲ ਹੇਠ ਦਿੱਤੇ ਨੂੰ ਯਕੀਨੀ ਕਰੇਗਾ:
  - o ਤੁਹਾਡੇ ਚੁੱਪ ਰਹਿਣ ਅਤੇ ਆਪ ਨੂੰ ਦੋਸ਼ੀ ਨਾ ਠਹਿਰਾਉਣ ਦੇ ਹੱਕ ਬਰਕਰਾਰ ਹਨ।
  - o ਇੰਟਰਵਿਊ ਦੌਰਾਨ ਤੁਹਾਡੇ ਨਾਲ ਕਿਸ ਤਰ੍ਹਾਂ ਨਾਲ ਵਿਓਹਾਰ ਹੁੰਦਾ ਹੈ, ਭਾਵੇਂ ਤੁਹਾਡੇ ਤੇ ਬੇਲੋੜੀਂਦਾ ਦਬਾਅ ਪਾਇਆ ਜਾਂਦਾ ਹੈ ਭਾਵੇਂ ਨਹੀਂ;
  - o ਇਹ ਤੱਥ ਕਿ ਤੁਹਾਡੇ ਹੱਕਾਂ ਬਾਰੇ ਅਤੇ ਇੰਟਰਵਿਊ ਦੀ ਨਿਯਮਤਾ ਬਾਰੇ ਤੁਹਾਨੂੰ ਦੱਸਿਆ ਗਿਆ ਹੈ।

ਜੇਕਰ ਤੁਹਾਡੇ ਵਕੀਲ ਦੀ ਇਹਨਾਂ ਮਸਲਿਆਂ ਸਬੰਧੀ ਕੋਈ ਵੀ ਟਿੱਪਣੀ ਹੈ ਤਾਂ ਉਹ ਤੁਰੰਤ ਉਹਨਾਂ ਨੂੰ ਪੁਲਿਸ ਇੰਟਰਵਿਊ ਦੇ ਬਿਆਨ ਵਿੱਚ ਰਿਕਾਰਡ ਕਰਵਾ ਸਕਦਾ ਹੈ।
ਤੁਹਾਡਾ ਵਕੀਲ ਪੁੱਛੇ ਜਾ ਰਹੇ ਸਵਾਲਾਂ ਬਾਰੇ ਸਪਸ਼ਟੀਕਰਨ ਦੀ ਮੰਗ ਕਰ ਸਕਦਾ ਹੈ।ਉਸਨੂੰ ਤੁਹਾਡੀ ਥਾਂ ਤੇ ਜਵਾਬ ਦੇਣ ਅਤੇ ਇੰਟਰਵਿਊ ਵਿੱਚ ਵਿਘਨ ਪਾਉਣ ਦੀ ਆਗਿਆ ਨਹੀਂ ਹੈ।

— ਤੁਸੀਂ ਜਾਂ ਤੁਹਾਡਾ ਵਕੀਲ ਸਿਰਫ ਇੱਕ ਵਾਰ ਵਧੀਕ ਗੁਪਤ ਸਲਾਹ ਲਈ ਇੰਟਰਵਿਊ ਨੂੰ ਮੁਅੱਤਲ ਕਰ ਸਕਦੇ ਹੋ। ਜੇਕਰ ਇੰਟਰਵਿਊ ਦੌਰਾਨ ਨਵੇਂ ਤੱਥ ਅਤੇ ਅਪਰਾਧ ਸਾਹਮਣੇ ਆਉਂਦੇ ਹਨ, ਤਾਂ ਤੁਹਾਨੂੰ ਆਪਣੇ ਵਕੀਲ ਨਾਲ ਇੱਕ ਵਧੀਕ ਗੁਪਤ ਸਲਾਹ ਦੀ ਆਗਿਆ ਹੋਵੇਗੀ। ਇਹ ਸਲਾਹ 15 ਮਿੰਟਾਂ ਤੋਂ ਵੱਧ ਨਹੀਂ ਹੋ ਸਕਦੀ ਹੈ।

D. ਹੱਕ ਛੱਡਣਾ

ਤੁਸੀਂ ਸਲਾਹ ਲਈ ਬੇਨਤੀ ਕਰਨ ਜਾਂ ਇੱਕ ਵਕੀਲ ਤੋਂ ਸਹਾਇਤਾ ਲੈਣ ਲਈ ਕਿਸੇ ਕਾਨੂੰਨ ਅਧੀਨ ਬੰਦਸ਼ ਨਹੀਂ ਹੋ।

ਤੁਸੀਂ ਲੋੜੀਂਦਾ ਵਿਚਾਰ ਕਰਨ ਤੋਂ ਬਾਅਦ ਇਹ ਹੱਕ ਆਪਣੀ ਇੱਛਾ ਮੁਤਾਬਕ ਛੱਡ ਸਕਦੇ ਹੋ, ਜੇਕਰ ਤੁਸੀਂ:

— ਕਨੂੰਨੀ ਉਮਰ ਪੂਰੀ ਕਰ ਲਈ ਹੈ;
— ਇਸ ਪ੍ਰਭਾਵ ਲਈ ਕਿਸੇ ਦਸਤਾਵੇਜ਼ ਤੇ ਦਸਤਖ਼ਤ ਅਤੇ ਮਿਤੀ ਪਾਈ ਹੈ।
— ਜੇਕਰ ਸੰਭਵ ਹੋਵੇ, ਤਾਂ ਇਸ ਇੰਟਰਵਿਊ ਦੀ ਫਿਲਮ ਬਣਾਈ ਜਾ ਸਕਦੀ ਹੈ।ਤੁਸੀਂ ਇਸ ਬਾਰੇ ਆਪਣੇ ਵਕੀਲ ਨਾਲ ਚਰਚਾ ਕਰ ਸਕਦੇ ਹੋ (ਬਿੰਦੂ 7 ਵੀ ਦੇਖੋ)।

**ਇਨ੍ਹਾਂ ਮਾਮਲਿਆਂ ਵਿੱਚ, ਤੁਸੀਂ ਬਾਰ ਐਸੋਸਿਏਸ਼ਨ ਦੇ ਡਿਊਟੀ ਵਕੀਲਾਂ ਦੇ ਸਮੂਹ ਵਿੱਚ ਕਿਸੇ ਨਾਲ ਫ਼ੋਨ 'ਤੇ ਗੱਲ ਕਰ ਸਕਦੇ ਹੋ।**

E. ਨਿਕਦਰੀ

ਅਸਾਧਾਰਨ ਹਾਲਾਤਾਂ ਵਿੱਚ ਅਤੇ ਮਜਬੂਰੀ ਦੀ ਸਥਿਤੀ ਵਿੱਚ, ਸਰਕਾਰੀ ਵਕੀਲ ਜਾਂ ਜਾਂਚ ਮੈਜਿਸਟ੍ਰੇਟ ਤੁਹਾਨੂੰ ਇੰਟਰਵਿਊ ਦੌਰਾਨ ਵਕੀਲ ਨਾਲ ਪੂਰਵ ਗੁਪਤ ਸਲਾਹ ਨਾ ਕਰਨ ਜਾਂ ਸਹਾਇਤਾ ਨਾ ਲੈਣ ਸਬੰਧੀ ਹੱਕ ਨਾ ਦੇਣ ਦਾ ਫੈਸਲਾ ਕਰ ਸਕਦਾ ਹੈ।ਉਸ ਨੂੰ ਇਸ ਫੈਸਲੇ ਲਈ ਜਰੂਰੀ ਅਧਾਰ ਦੱਸਣ ਦੀ ਲੋੜ ਹੁੰਦੀ ਹੈ।

F. ਉਸ ਦੇਸ਼ ਵਿਚ ਵਕੀਲ ਦੇ ਹੱਕ ਜਿਸ ਦੇਸ ਨੇ ਯੂਰੋਪੀ ਹਿਰਾਸਤੀ ਵਰੰਟ ਜਾਰੀ ਕੀਤੇ ਹਨ

ਤੁਹਾਨੂੰ ਯੂਰੋਪੀ ਹਿਰਾਸਤੀ ਵਰੰਟ ਜਾਰੀ ਕਰਨ ਵਾਲੇ ਦੇਸ਼ ਵਿੱਚ ਵਕੀਲ ਨਿਯੁਕਤ ਕਰਨ ਦਾ ਹੱਕ ਹੈ। ਇਹ ਵਕੀਲ ਤੁਹਾਡੇ ਵਕੀਲ ਨੂੰ ਬੈਲਜੀਅਮ ਵਿੱਚ ਜਾਣਕਾਰੀ ਅਤੇ ਹਵਾਲਗੀ ਪ੍ਰਕਿਰਿਆ ਸਬੰਧੀ ਸਲਾਹ ਪ੍ਰਦਾਨ ਕਰ ਸਕਦਾ ਹੈ।

## 2. ਯੂਰੋਪੀ ਹਿਰਾਸਤੀ ਵਰੰਟ ਜਾਂ ਏਪੀਬੀ (APB) ਸਬੰਧੀ ਜਾਣਕਾਰੀ

— ਤੁਹਾਨੂੰ ਯੂਰੋਪੀ ਹਿਰਾਸਤੀ ਵਰੰਟ ਜਾਂ ਏਪੀਬੀ (APB) ਦੇ ਅਸਲੀ ਮਤਲਬ ਬਾਰੇ ਸੂਚਨਾ ਪ੍ਰਾਪਤ ਕਰਨ ਦਾ ਹੱਕ ਹੈ।

— ਜੇਕਰ ਤੁਹਾਡੀ ਹਵਾਲਗੀ ਸਜ਼ਾ ਦੇਣ ਦੇ ਮਕਸਦ ਲਈ ਕੀਤੀ ਗਈ ਹੈ ਅਤੇ ਤੁਹਾਨੂੰ ਇਸ ਸਜ਼ਾ ਬਾਰੇ ਜਾਂ ਲੰਬਤ ਅਪਰਾਧਕ ਕਾਰਵਾਈ ਬਾਰੇ ਕੋਈ ਗਿਆਨ ਨਹੀਂ ਸੀ, ਤਾਂ ਤੁਸੀਂ ਵਿਦੇਸ਼ ਵਿੱਚ ਦੋਸ਼ ਸਿੱਧ ਹੋਣ ਦੀ ਕਾਪੀ ਆਪਣੀ ਜਾਣਕਾਰੀ ਲਈ ਪ੍ਰਦਾਨ ਕਰਨ ਲਈ ਬੇਨਤੀ ਕਰ ਸਕਦੇ ਹੋ ਅਤੇ ਇਹ ਸਮੇਂ ਤੇ ਉਪਲਬਧ ਕਰਾਉਣ ਸਬੰਧੀ ਬੇਨਤੀ ਕਰ ਸਕਦੇ ਹੋ।

## 3. ਚੁੱਪ ਰਹਿਣ ਦਾ ਹੱਕ

— ਕਿਸੇ ਵੀ ਸਮੇਂ ਤੁਹਾਨੂੰ ਆਪਣੇ ਆਪ ਨੂੰ ਦੋਸ਼ੀ ਮੰਨਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਹੈ।
— ਆਪਣੀ ਪਛਾਣ ਦੱਸਣ ਤੋਂ ਬਾਅਦ, ਤੁਸੀਂ ਬਿਆਨ ਦੇਣ, ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ, ਜਾਂ ਚੁੱਪ ਰਹਿਣ ਦੀ ਚੋਣ ਕਰ ਸਕਦੇ ਹੋ।

## 4. ਕਿਸੇ ਨੂੰ ਦੱਸਣਾ ਕਿ ਤੁਹਾਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ

ਤੁਹਾਨੂੰ ਆਪਣੇ ਹਿਰਾਸਤ ਵਿੱਚ ਲਏ ਜਾਣ ਦੀ ਜਾਣਕਾਰੀ ਤੀਜੇ ਧਿਰ ਨੂੰ ਦੇਣ ਦਾ ਹੱਕ ਹੈ।

ਹਾਲਾਂਕਿ ਇਸਨੂੰ, ਜਾਂਚ ਮੈਜਿਸਟ੍ਰੇਟ ਜਾਂ ਸਰਕਾਰੀ ਵਕੀਲ ਵੱਲੋਂ ਜਾਂਚ ਦੇ ਹਿੱਤ ਵਿੱਚ ਲੋੜੀਂਦੇ ਸਮੇਂ ਲਈ ਠੋਸ ਅਧਾਰ'ਤੇ ਟਾਲਿਆ ਜਾ ਸਕਦਾ ਹੈ।

## 5. ਮੈਡੀਕਲ ਸਹਾਇਤਾ

— ਤੁਸੀਂ ਲੋੜ ਪੈਣ ਤੇ ਮੁਫਤ ਮੈਡੀਕਲ ਸਹਾਇਤਾ ਲਈ ਹੱਕਦਾਰ ਹੋ।
— ਤੁਸੀਂ ਅਪਨੀ ਪਸੰਦ ਦੇ ਡਾਕਟਰ ਤੋਂ ਜਾਂਚ ਕਰਾਉਣ ਦੀ ਮੰਗ ਕਰ ਸਕਦੇ ਹੋ। ਜੇਕਰ ਇੰਝ ਹੁੰਦਾ ਹੈ, ਤਾਂ ਇਹ ਤੁਹਾਡੇ ਆਪਣੇ ਖਰਚੇ

# ਇੰਟਰਵਿਊ ਦੌਰਾਨ ਤੁਹਾਡੇ ਵਧੀਕ ਹੱਕ ਹੋਰ ਕਿਹੜੇ ਹਨ?

## 6. ਇੰਟਰਵਿਊ ਦੌਰਾਨ ਹੋਰ ਹੱਕ

ਇੰਟਰਵਿਊ ਆਪ ਹੀ ਕਈ ਸੰਚਾਰ ਤੋਂ ਬਾਅਦ ਸ਼ੁਰੂ ਹੁੰਦਾ ਹੈ। ਅਪਰਾਧਾਂ ਦੀ ਸੰਖੇਪਤ ਜਾਣਕਾਰੀ ਦੁਹਰਾਉਣ ਅਤੇ ਤੁਹਾਡੇ ਚੁੱਪ ਰਹਿਣ ਦੇ ਹੱਕ ਤੋਂ ਇਲਾਵਾ, ਤੁਹਾਨੂੰ ਸੂਚਨਾ ਦਿੱਤੀ ਜਾਵੇਗਾ ਕਿ:

— ਤੁਸੀਂ ਪੁੱਛੇ ਗਏ ਸਵਾਲਾਂ ਅਤੇ ਤੁਹਾਡੇ ਵੱਲੋਂ ਦਿੱਤੇ ਗਏ ਸਾਰੇ ਜਵਾਬਾਂ ਦੀ ਰਿਕਾਰਡਿੰਗ ਆਪਣੇ ਵਰਤੇ ਗਏ ਸ਼ਬਦਾਂ ਵਿੱਚ ਕਰਨ ਲਈ ਬੇਨਤੀ ਕਰ ਸਕਦੇ ਹੋ;
— ਤੁਸੀਂ ਕਿਸੇ ਖਾਸ ਜਾਂਚ ਜਾਂ ਕਿਸੇ ਖਾਸ ਵਿਅਕਤੀ ਨੂੰ ਇੰਟਰਵਿਊ ਦੇਣ ਲਈ ਮੰਗ ਕਰ ਸਕਦੇ ਹੋ;
— ਤੁਹਾਡੇ ਦਿੱਤੇ ਗਏ ਬਿਆਨ ਆਦਲਤ ਵਿੱਚ ਸਬੂਤ ਵੱਜੋਂ ਵਰਤੇ ਜਾਣ।
— ਇੰਟਰਵਿਊ ਦੌਰਾਨ ਤੁਸੀਂ ਆਪਣੇ ਕੋਲ ਮੌਜੂਦ ਦਸਤਾਵੇਜਾਂ ਦੀ ਵਰਤੋਂ ਕਰ ਸਕਦੇ ਹੋ, ਜਦੋਂ ਤੱਕ ਇਸ ਦੇ ਨਤੀਜੇ ਵੱਜੋਂ ਇੰਟਰਵਿਊ ਨਹੀਂ ਰੁੱਕਦਾ ਹੈ। ਤੁਸੀਂ ਇੰਟਰਵਿਊ ਦੌਰਾਨ ਜਾਂ ਇੰਟਰਵਿਊ ਤੋਂ ਬਾਅਦ, ਇਹਨਾਂ ਦਸਤਾਵੇਜਾਂ ਨੂੰ ਪੁਲਿਸ ਇੰਟਰਵਿਊ ਦੇ ਬਿਆਨ ਵਿੱਚ ਸ਼ਾਮਲ ਕਰਨ ਜਾਂ ਅਦਾਲਤ ਦੀ ਰਜਿਸਟਰੀ ਨਾਲ ਜਮ੍ਹਾਂ ਕਰਾਉਣ ਲਈ ਮੰਗ ਕਰ ਸਕਦੇ ਹੋ।

## 7. ਇੰਟਰਵਿਊ ਦੀ ਫਿਲਮ ਬਨਾਉਣਾ

— ਜੇਕਰ ਸੰਭਵ ਹੁੰਦਾ ਹੈ, ਤਾਂ ਇੰਟਰਵਿਊ ਦੀ ਕਾਰਵਾਈ ‘ਤੇ ਨਿਗਰਾਨੀ ਰੱਖਣ ਲਈ ਇੰਟਰਵਿਊ ਦੀ ਫਿਲਮ ਬਣਾਈ ਜਾ ਸਕਦੀ ਹੈ।
— ਇਸ ਦਾ ਫੈਸਲਾ ਇੰਟਰਵਿਊ ਲੈਣ ਵਾਲਾ, ਸਰਕਾਰੀ ਵਕੀਲ ਜਾਂ ਜਾਂਚ ਮੈਜਿਸਟ੍ਰੇਟ ਵੱਲੋਂ ਕੀਤਾ ਜਾਂਦਾ ਹੈ।

## 8. ਇੰਟਰਵਿਊ ਦੇ ਅੰਤ ‘ਤੇ

ਇੰਟਰਵਿਊ ਦੇ ਅੰਤ ਤੇ, ਤੁਹਾਨੂੰ ਪੜ੍ਹਨ ਲਈ ਇੰਟਰਵਿਊ ਦਾ ਟੈਕਸਟ ਦਿੱਤਾ ਜਾਵੇਗਾ। ਤੁਸੀਂ ਇਸ ਨੂੰ ਪੜ੍ਹ ਕੇ ਸੁਨਾਉਣ ਦੀ ਮੰਗ ਵੀ ਕਰ ਸਕਦੇ ਹੋ।

ਤੁਹਾਨੂੰ ਪੁੱਛਿਆ ਜਾਵੇਗਾ ਕਿ, ਕੀ ਤੁਸੀਂ ਆਪਣੇ ਬਿਆਨ ਵਿੱਚ ਕੁੱਝ ਬਦਲਾਅ ਜਾਂ ਸ਼ਾਮਲ ਕਰਨਾ ਚਾਹੁੰਦੇ ਹੋ।

## 9. ਦੁਭਾਸ਼ੀਆ ਸਹਾਇਤਾ

— ਜੇਕਰ ਤੁਸੀਂ ਉਹ ਭਾਸ਼ਾ ਨਹੀਂ ਬੋਲਦੇ ਹੋ ਜਾਂ ਕਾਰਵਾਈ ਦੀ ਭਾਸ਼ਾ ਤੋਂ ਵੱਖਰੀ ਹੈ, ਜਾਂ ਤੁਸੀਂ ਬੋਲਣ ਜਾਂ ਸੁਣਨ ਵਿੱਚ ਅਸਮਰੱਥ ਹੋ ਅਤੇ ਜੇਕਰ ਤੁਹਾਡਾ ਵਕੀਲ ਤੁਹਾਡੀ ਭਾਸ਼ਾ ਨਹੀਂ ਬੋਲਦਾ ਹੈ ਜਾਂ ਸਮਝਦਾ ਹੈ, ਤਾਂ ਤੁਸੀਂ ਆਪਣੇ ਵਕੀਲ ਨਾਲ ਗੁਪਤ ਸਲਾਹ ਦੌਰਾਨ ਸਵੋਰਨ ਦੁਭਾਸ਼ੀਆ ਪ੍ਰਾਪਤ ਕਰਨ ਲਈ ਹੱਕਦਾਰ ਹੋ। ਇਹ ਸਹਾਇਤਾ ਮੁਫ਼ਤ ਹੁੰਦੀ ਹੈ।
— ਜੇਕਰ ਤੁਸੀਂ ਕਾਰਵਾਈ ਅਧੀਨ ਭਾਸ਼ਾ ਨਾਲੋਂ ਵੱਖ ਭਾਸ਼ਾ ਬੋਲਨਾ ਚਾਹੁੰਦੇ ਹੋ, ਤਾਂ ਇੱਕ ਸਵੋਰਨ ਦੁਭਾਸ਼ੀਏ ਨੂੰ ਇੰਟਰਵਿਊ ਦੌਰਾਨ ਤੁਹਾਡੀ ਮਦਦ ਲਈ ਬੁਲਾਇਆ ਜਾਵੇਗਾ। ਇਹ ਸਹਾਇਤਾ ਮੁਫ਼ਤ ਹੁੰਦੀ ਹੈ।
— ਤੁਹਾਨੂੰ ਆਪਣਾ ਬਿਆਨ ਆਪਣੀ ਭਾਸ਼ਾ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ।

## 10. ਹਵਾਲਗੀ ਲਈ ਸਹਿਮਤੀ

ਤੁਸੀਂ ਤੁਹਾਡੀ ਮੰਗ ਕਰਨ ਵਾਲੇ ਦੇਸ਼ ਵਿੱਚ ਆਪਣੀ ਹਵਾਲਗੀ ਲਈ ਸਹਿਮਤ ਹੋ ਸਕਦੇ ਹੋ। ਤੁਸੀਂ ਯੂਰੋਪੀ ਹਿਰਾਸਤੀ ਵਰੰਟ ਵਿੱਚ ਨਿਰਧਾਰਤ ਅਪਰਾਧਾਂ ਲਈ ਆਪਣੀ ਸਹਿਮਤੀ ਸੀਮਤ ਕਰ ਸਕਦੇ ਹੋ।ਤੁਸੀਂ ਵਿਸ਼ੇਸ ਦਰਜਾ ਨਿਯਮ ਨੂੰ ਵੀ ਛੱਡ ਸਕਦੇ ਹੋ, ਜਿਸ ਦਾ ਮਤਲਬ ਹੈ ਕਿ, ਤੁਹਾਡੀ ਹਵਾਲਗੀ ਤੋਂ ਬਾਅਦ, ਤੁਹਾਡੇ ਤੇ ਕਾਰਵਾਈ ਚੱਲੇਗੀ ਜਾਂ ਹਵਾਲਗੀ ਲਈ ਅਰਜ਼ੀ ਦੇਣ ਸਮੇਂ ਲਗਾਏ ਗਏ ਦੋਸ਼ਾਂ ਤੋਂ ਇਲਾਵਾ ਹੋਰ ਦੋਸ਼ਾਂ ਲਈ ਸਜ਼ਾ ਦੇਣ ਦੇ ਹਿੱਸੇ ਵਜੋਂ ਜੇਲ੍ਹ ਹੋਵੇਗੀ।

ਜੇਕਰ ਜਾਂਚ ਮੈਜਿਸਟ੍ਰੇਟ ਵੱਲੋਂ ਇੰਟਰਵਿਊ ਲੈਣ ਤੋਂ ਬਾਅਦ ਤੁਸੀਂ ਹਵਾਲਗੀ ਲਈ ਸਹਿਮਤ ਹੋਣਾ ਚਾਹੁੰਦੇ ਹੋ, ਤਾਂ ਸਰਕਾਰੀ ਵਕੀਲ ਤੁਹਾਡੀ ਸੁਣਵਾਈ ਕਰੇਗਾ। ਸਰਕਾਰੀ ਵਕੀਲ ਭਾਵ ਦੀ ਵਿਆਖਿਆ ਕਰੇਗਾ। ਤੁਹਾਡਾ ਵਕੀਲ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਸਿਰਫ ਸਰਕਾਰੀ ਵਕੀਲ ਸਾਹਮਣੇ ਹਵਾਲਗੀ ਲਈ ਸਹਿਮਤੀ ਦੇ ਸਕਦੇ ਹੋ। ਇੱਕ ਵਾਰ ਕਾਨੂੰਨੀ ਰੂਪ ਵਿੱਚ ਹਵਾਲਗੀ ਲਈ ਸਹਿਮਤੀ ਦੇਣ ਤੋਂ ਬਾਅਦ, ਤੁਸੀਂ ਆਪਣੇ ਹਵਾਲਗੀ ਨੂੰ ਵਾਪਸ ਨਹੀਂ ਲੈ ਸਕਦੇ ਹੋ।

# ਤੁਹਾਡੇ ਅਧਿਕਾਰਾਂ ਦੀ ਵਿਆਖਿਆ



## ਤੁਹਾਨੂੰ ਕਿੰਨੇ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ?

### 1. 48 ਘੰਟੇ

ਤੁਹਾਨੂੰ 48 ਘੰਟਿਆਂ ਤੋਂ ਵੱਧ ਹਿਰਾਸਤ ਵਿੱਚ ਨਹੀਂ ਰੱਖਿਆ ਜਾ ਸਕਦਾ।

### 2. ਜਾਂਚ ਮੈਜਿਸਟ੍ਰੇਟ

— 48 ਘੰਟਿਆਂ ਦੇ ਅੰਦਰ ਅੰਦਰ ਤੁਹਾਨੂੰ ਜਾਂ ਤਾਂ ਰਿਹਾ ਕਰ ਦਿੱਤਾ ਜਾਵੇਗਾ ਜਾਂ ਤੁਹਾਨੂੰ ਜਾਂਚ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।ਬਾਅਦ ਵਾਲਾ ਕਦਮ ਫੈਸਲਾ ਕਰੇਗਾ ਕਿ ਤੁਹਾਨੂੰ ਯੂਰੋਪੀ ਹਿਰਾਸਤੀ ਵਰੰਟ ਮੁਤਾਬਕ ਨਜ਼ਰਬੰਦ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ।

— ਜਾਂਚ ਮੈਜਿਸਟ੍ਰੇਟ ਪਹਿਲ ਤੇ ਤੁਹਾਡੇ ਮਾਮਲੇ ਦੀ ਸੁਣਵਾਈ ਕਰਨ ਲਈ ਜ਼ੁੰਮੇਵਾਰ ਹੈ। ਤੁਸੀਂ ਆਪਣੇ ਵਕੀਲ ਤੋਂ ਸਹਾਇਤਾ ਪ੍ਰਾਪਤ ਕਰਨ ਦੇ ਹੱਕਦਾਰ ਹੋ। ਜਾਂਚ ਮੈਜਿਸਟ੍ਰੇਟ ਤੁਹਾਡੀ ਸੰਭਵ ਹਿਰਾਸਤ ਬਾਰੇ ਤੁਹਾਡੇ ਜਾਂ ਤੁਹਾਡੇ ਵਕੀਲ ਵੱਲੋਂ ਰੱਖੇ ਗਏ ਵਿਚਾਰ ਸੁਣੇਗਾ।

ਤੁਸੀਂ ਵਕੀਲ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਹੱਕ ਛੱਡ ਸਕਦੇ ਹੋ ਸਿਰਫ ਉਦੋਂ ਤੱਕ ਜਦੋਂ ਕਿ ਤੁਸੀਂ ਕਨੂੰਨੀ ਉਮਰ ਪੂਰੀ ਕਰ ਚੁੱਕੇ ਹੋ।

— ਜੇਕਰ ਜਾਂਚ ਮੈਜਿਸਟ੍ਰੇਟ ਤੁਹਾਨੂੰ ਹਿਰਾਸਤ ਵਿੱਚ ਲੈਣ ਲਈ ਵਰੰਟ ਜਾਰੀ ਕਰ ਦਿੰਦਾ ਹੈ, ਤਾਂ ਤੁਹਾਡੇ ਕੋਲ ਹੇਠ ਲਿਖੇ ਹੱਕ ਹਨ:

- ਤੁਸੀਂ ਬਿਨ੍ਹਾਂ ਬੰਦਸ਼ ਆਪਣੇ ਵਕੀਲ ਨਾਲ ਗੱਲ ਕਰਨ ਲਈ ਆਜ਼ਾਦ ਹੋ।
- ਤੁਹਾਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ 15 ਦਿਨਾਂ ਦੇ ਅੰਦਰ ਅੰਦਰ ਤੁਸੀਂ ਆਤਮਸਮਰਪਣ ਚੈਂਬਰ ਦੇ ਸਾਹਮਣੇ ਪੇਸ਼ ਹੋਵੋਗੇ, ਜਿੱਥੇ ਤੁਸੀਂ ਯੂਰੋਪੀ ਹਿਰਾਸਤੀ ਵਰੰਟ ਅਧੀਨ ਆਪਣੀ ਹਿਰਾਸਤ ਅਤੇ ਹਵਾਲਗੀ ਲਈ ਚਣੌਤੀ ਦੇ ਸਕਦੇ ਹੋ। ਤੁਸੀਂ ਇਸ ਫੈਸਲੇ ਦੇ ਖਿਲਾਫ਼ ਦੋਸ਼ ਤੈਅ ਕਰਨ ਵਾਲੇ ਚੈਂਬਰ ਸਾਹਮਣੇ ਅਪੀਲ ਕਰ ਸਕਦੇ ਹੋ, ਜੋ ਆਪਣਾ ਫੈਸਲਾ 15 ਦਿਨਾਂ ਦੇ ਅੰਦਰ ਅੰਦਰ ਸੁਣਾਵੇਗੀ। ਆਤਮਸਮਰਪਣ ਚੈਂਬਰ ਦਾ ਫੈਸਲਾ ਤੁਹਾਨੂੰ ਮਿਲਣ ਦੇ ਬਾਅਦ 24 ਘੰਟਿਆਂ ਦੇ ਅੰਦਰ ਅੰਦਰ ਅਪੀਲ ਦਾਇਰ ਕੀਤੀ ਜਾਣੀ ਚਾਹੀਦੀ ਹੈ।
- ਆਤਮਸਮਰਪਣ ਚੈਂਬਰ ਜਾਂ ਦੋਸ਼ ਆਰੋਪਣ ਚੈਂਬਰ ਵੱਲੋਂ ਸੁਣਵਾਈ ਤੋਂ ਇੱਕ ਦੀ ਪਹਿਲਾਂ ਤੁਹਾਨੂੰ ਆਪਣੀ ਕੇਸ ਸਬੰਧੀ ਫਾਈਲ ਦੇਖਣ ਦੀ ਇਜਾਜ਼ਤ ਹੋਵੇਗੀ।
- ਤੁਹਾਡਾ ਵਕੀਲ ਇਸ ਪ੍ਰਕਿਰਿਆ ਦੇ ਅਗਲੇ ਪੜਾਵਾਂ ਬਾਰੇ ਜ਼ਿਆਦਾ ਵੇਰਵੇ ਸਹਿਤ ਵਿਆਖਿਆ ਕਰ ਸਕਦਾ ਹੈ।
- ਜੇਕਰ ਤੁਸੀਂ ਬੈਲਜੀਅਮ ਦੇ ਨਾਗਰਿਕ ਨਹੀਂ ਹੋ, ਤਾਂ ਆਪਣੀ ਹਿਰਾਸਤ ਬਾਰੇ ਆਪਣੇ ਰਾਜ ਅਧਿਕਾਰੀਆਂ ਨੂੰ ਸੂਚਿਤ ਕਰ ਸਕਦਾ
- ਜੇਕਰ ਤੁਸੀਂ ਯੂਰੋਪੀ ਹਿਰਾਸਤੀ ਵਰੰਟ ਦੀ ਭਾਸ਼ਾ ਨਹੀਂ ਸਮਝਦੇ ਹੋ, ਜਾਂ ਜਿਸ ਭਾਸ਼ਾ ਵਿੱਚ ਇਸ ਦਾ ਅਨੁਵਾਦ ਕੀਤਾ ਗਿਆ ਸੀ, ਤਾਂ ਤੁਹਾਨੂੰ ਸਮਝ ਆਉਣ ਵਾਲੀ ਭਾਸ਼ਾ ਵਿੱਚ ਯੂਰੋਪੀ ਹਿਰਾਸਤੀ ਵਰੰਟ ਦਾ ਲਿਖਤ ਅਨੁਵਾਦ ਪ੍ਰਦਾਨ ਕੀਤਾ ਜਾਵੇਗਾ, ਜਾਂ ਯੂਰੋਪੀ ਹਿਰਾਸਤੀ ਵਰੰਟ ਦਾ ਮੌਖਿਕ ਅਨੁਵਾਦ, ਜਾਂ ਜਰੂਰੀ ਪ੍ਰਕਿਰਿਆਤਮਕ ਰਿਕਾਰਡਾਂ ਦਾ ਮੌਖਿਕ ਅਨੁਵਾਦ ਆਤਮਸਮਰਪਣ ਚੈਂਬਰ ਦੇ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਪ੍ਰਦਾਨ ਕੀਤਾ ਜਾਵੇਗਾ ਅਤੇ, ਸਜ਼ਾ ਦੇਣ ਦੇ ਸਬੰਧ ਵਿੱਚ ਆਖਰੀ ਫੈਸਲਾ ਆਉਣ ਤੋਂ ਪਹਿਲਾਂ ਪ੍ਰਦਾਨ ਕੀਤਾ ਜਾਵੇਗਾ।

**ਤੁਸੀਂ ਆਪਣੇ ਹੱਕਾਂ ਦੀ ਵਿਆਖਿਆ ਆਪਣੇ ਕੋਲ ਰੱਖ ਸਕਦੇ ਹੋ**